ਭਗਤ ਰਵਿਦਾਸ - ਸਬਦ ੩੭

ਤੁਝਹਿ ਸੁਝੰਤਾ ਕਛੂ ਨਾਹਿ ॥

ਰਾਗੁ ਬਸੰਤੁ, ਭਗਤ ਰਵਿਦਾਸ, ਗੁਰੂ ਗ੍ਰੰਥ ਸਾਹਿਬ, ੧੧੯੬

ਤੁਝਹਿ ਸੁਝੰਤਾ ਕਛੂ ਨਾਹਿ ॥
ਪਹਿਰਾਵਾ ਦੇਖੇ ਊਭਿ ਜਾਹਿ ॥
ਗਰਬਵਤੀ ਕਾ ਨਾਹੀ ਠਾਉ ॥
ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥
ਤੂ ਕਾਂਇ ਗਰਬਹਿ ਬਾਵਲੀ ॥
ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥
ਜੈਸੇ ਕੁਰੰਕ ਨਹੀ ਪਾਇਓ ਭੇਦੁ ॥
ਤਨਿ ਸੁਗੰਧ ਢੂਢੈ ਪ੍ਰਦੇਸੁ ॥
ਅਪ ਤਨ ਕਾ ਜੋ ਕਰੇ ਬੀਚਾਰੁ ॥
ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥
ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥
ਠਾਕੁਰੁ ਲੇਖਾ ਮਗਨਹਾਰੁ ॥
ਫੇੜੇ ਕਾ ਦੁਖੁ ਸਹੈ ਜੀਉ ॥
ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥
ਸਾਧੂ ਕੀ ਜਉ ਲੇਹਿ ਓਟ ॥
ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥
ਕਹਿ ਰਵਿਦਾਸ ਜੁੋ ਜਪੈ ਨਾਮੁ ॥
ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥

ਸਾਰ: ਹਉਮੈ ਅਕਸਰ ਸਾਡੀ ਪਛਾਣ ਨੂੰ ਸਾਡੇ ਰਿਸ਼ਤਿਆਂ ਅਤੇ ਵਸਤਾਂ ਨਾਲ ਜੋੜਦੀ ਹੈ, ਜਿਸ ਨਾਲ ਅਸੀਂ ਉਨ੍ਹਾਂ ਉਪਰ ਆਪਣਾ ਹੱਕ ਸਮਝ ਬੈਠਦੇ ਹਾਂ, ਅਤੇ ਉਨ੍ਹਾਂ ਨੂੰ ਬਾਹਰੀ ਰੁਤਬਿਆਂ ਦੇ ਪ੍ਰਤੀਕਾਂ ਤੱਕ ਹੀ

ਸੀਮਤ ਕਰ ਦਿੰਦੇ ਹਾਂ। ਇਹ ਮਨੋਬਿਰਤੀ ਸਾਡੇ ਅੰਦਰ ਮਲਕੀਅਤ ਦੀ ਭਾਵਨਾ ਦਾ ਵਾਧਾ ਕਰ, ਨਿਯੰਤਰਣ ਕਰਨ ਦੇ ਵੇਗ ਨੂੰ ਵਧਾਉਂਦੀ ਹੈ, ਜੋ ਸਾਡੀ ਅੰਤਰੀਵੀ ਆਜ਼ਾਦੀ ਨੂੰ ਦਬਾ ਸਕਦੀ ਹੈ। ਸਮਰਥਾ ਅੰਦਰ ਵਸਦੇ ਮਾਣ ਨੂੰ ਨਿਮਰਤਾ ਵਿਚ ਰੁਪਾਂਤ੍ਰਿਤ ਕਰਨ ਨਾਲ ਹੀ ਪ੍ਰਾਪਤ ਹੁੰਦੀ ਹੈ, ਇਸ ਨੂੰ ਸਵਿਕਾਰਦਿਆਂ ਕਿ ਸਾਡੇ ਰਿਸ਼ਤੇ ਅਤੇ ਵਸਤਾਂ ਸਾਡੀ ਜ਼ਿੰਦਗੀ ਦੇ ਅਸਥਾਈ ਪ੍ਰਗਟਾਵੇ ਹਨ। ਜਦੋਂ ਕਿ ਉਨ੍ਹਾਂ ਦੀ ਕਦਰ ਕਰਨਾ ਮਹੱਤਵਪੂਰਨ ਹੈ, ਪਰ ਸਾਨੂੰ ਉਨ੍ਹਾਂ ਨੂੰ ਪਾਉਣ ਦੀ ਚੇਸ਼ਟਾ ਦੇ ਭਾਰ ਹੇਠ ਨਹੀਂ ਆਉਣਾ ਚਾਹੀਦਾ। ਆਪਣੀ ਝੂਠੀ ਹਉਮੈ ਨੂੰ ਛੱਡਣ ਨਾਲ ਸਾਡੇ ਅਨੁਭਵਾਂ ਵਿਚ ਵਾਧਾ ਹੁੰਦਾ ਹੈ ਅਤੇ ਆਪਣੇ ਆਪ ਅਤੇ ਦੂਜਿਆਂ ਨਾਲ ਸਾਡੇ ਸੰਬੰਧ ਗੂੜ੍ਹ ਹੁੰਦੇ ਹਨ।

ਤੁਝਹਿ ਸੁਝੰਤਾ ਕਛੂ ਨਾਹਿ ॥

ਤੁਸੀਂ ਕਿਸੇ ਵੀ ਤੱਥ ਨੂੰ ਪਰਖਣ ਦੇ ਯੋਗ ਨਹੀਂ ਹੋ। ਇਹ ਭਾਵ ਜਾਗਰੂਕਤਾ ਦੀ ਘਾਟ ਨੂੰ ਦਰਸਾਉਂਦਾ ਹੈ, ਜਿਸ ਲਈ ਵਧੇਰੇ ਆਤਮ-ਨਿਰੀਖਣ ਦੀ ਲੋੜ ਹੁੰਦੀ ਹੈ।

ਪਹਿਰਾਵਾ ਦੇਖੇ ਊਭਿ ਜਾਹਿ ॥

ਆਪਣੇ ਸ਼ਿੰਗਾਰ ਅਤੇ ਰੁਤਬੇ ਨੂੰ ਦੇਖ ਕੇ, ਅਸੀਂ ਮਾਣ ਨਾਲ ਫੁੱਲ ਜਾਂਦੇ ਹਾਂ। ਇਹ ਭਾਵ ਹਉਮੈ, ਭੌਤਿਕ ਸੰਪਤੀਆਂ, ਬੌਧਿਕ ਪ੍ਰਾਪਤੀਆਂ ਜਾਂ ਦਿੱਖ ਵਿਚ ਜੜ੍ਹੇ ਹੋਏ, ਸਾਡੇ ਸਤਹੀ ਘਮੰਡ ਨੂੰ ਦਰਸਾਉਂਦਾ ਹੈ।

ਗਰਬਵਤੀ ਕਾ ਨਾਹੀ ਠਾਉ ॥

ਹੰਕਾਰ ਦੀ ਕੋਈ ਸਥਿਰ ਨੀਂਹ ਨਹੀਂ ਹੁੰਦੀ। ਇਹ ਭਾਵ ਸੁਝਾਅ ਦਿੰਦਾ ਹੈ ਕਿ ਘਮੰਡੀਆਂ ਦੀ ਨਿਮਰਤਾ ਰੂਪੀ ਨੀਂਹ ਕਮਜ਼ੋਰ ਹੁੰਦੀ ਹੈ ਅਤੇ ਉਹ ਲਾਜ਼ਮੀ ਤੌਰ 'ਤੇ ਢਹਿ ਜਾਂਦੀ ਹੈ।

ਤੇਰੀ ਗਰਦਨਿ ਊਪਰਿ ਲਵੈ ਕਾਉ ॥੧॥

ਇਹ ਨੱਕ ਤੁਹਾਡੀ ਧੌਨ ਦੇ ਦੁਆਲੇ ਕਿਉਂ ਹੈ? ਇਹ ਸਵਾਲ ਸਾਨੂੰ ਇਸ ਤੱਥ 'ਤੇ ਵਿਚਾਰ ਕਰਨ ਲਈ ਪ੍ਰੇਰਿਤ ਕਰਦਾ ਹੈ ਕਿ ਅਸੀਂ ਆਪਣੇ ਸੱਚੇ ਸਵੈ ਨੂੰ ਹੰਕਾਰੀ ਕਰਮਾਂ ਤੱਕ ਕਿਉਂ ਸੀਮਤ ਰੱਖਦੇ ਹਾਂ। (੧)

ਤੂ ਕਾਂਇ ਗਰਬਹਿ ਬਾਵਲੀ ॥

ਹੇ ਗੁੰਮਰਾਹਕੁੰਨ ਮਨ, ਤੂੰ ਇੰਨੇ ਹੰਕਾਰ ਵਿਚ ਕਿਉਂ ਜਕੜਿਆ ਹੋਇਆ ਹੈਂ? ਇਹ ਮਾਨਸਿਕਤਾ ਦੱਸਦੀ ਹੈ ਕਿ ਬੇਕਾਬੂ ਹੰਕਾਰ ਦੂਜਿਆਂ ਉੱਤੇ ਕਾਬੂ ਪਾਉਣ ਦੀ ਭਰਮਪੂਰਨ ਭਾਲ ਵਿਚ ਬਦਲ ਸਕਦਾ ਹੈ, ਜਿਸ ਨਾਲ ਸਾਡਾ ਰੂਹਾਨੀ ਪਤਨ ਹੋ ਸਕਦਾ ਹੈ।

ਜੈਸੇ ਭਾਦਉ ਖੂੰਬਰਾਜੁ ਤੂ ਤਿਸ ਤੇ ਖਰੀ ਉਤਾਵਲੀ ॥੧॥ ਰਹਾਉ ॥

ਜਿਵੇਂ ਖੁੰਭਾਂ ਬਰਸਾਤ ਦੇ ਮੌਸਮ ਵਿਚ ਥੋੜ੍ਹੇ ਸਮੇਂ ਲਈ ਦਿਖਾਈ ਦਿੰਦੀਆਂ ਹਨ, ਤੁਹਾਡੀ ਸਵੈ ਰੂਪੀ ਭਾਵਨਾ ਥੋੜ੍ਹ ਚਿਰੀ ਹੁੰਦੀ ਹੈ; ਇਸਦਾ ਉਭਾਰ ਅਤੇ ਉਜਾੜ ਦੋਵੇਂ ਜਲਦ ਹੁੰਦੇ ਹਨ। ਇਹ ਦ੍ਰਿਸ਼ਟਾਂਤ ਦਰਸਾਉਂਦਾ ਹੈ ਕਿ ਹਉਮੈ ਦੇ ਪ੍ਰਭਾਵ ਇਕ ਪਲ ਲਈ ਤਾਂ ਮਹੱਤਵਪੂਰਨ ਲੱਗ ਸਕਦੇ ਹਨ, ਪਰ ਹਾਲਾਤ ਬਦਲਣ ਨਾਲ ਇਹ ਅਲੋਪ ਹੋ ਜਾਂਦੇ ਹਨ। (੧)(ਠਹਿਰਾਉ)

ਜੈਸੇ ਕੁਰੰਕ ਨਹੀ ਪਾਇਓ ਭੇਦੁ ॥

ਜਿਵੇਂ ਹਿਰਨ ਕਸਤੂਰੀ ਦੇ ਰਹੱਸ ਤੋਂ ਅਣਜਾਣ ਰਹਿੰਦਾ ਹੈ, ਇਹ ਭਾਵ ਸਵੈ-ਅਗਿਆਨਤਾ ਦੀ ਤ੍ਰਾਸਦੀ ਨੂੰ ਦਰਸਾਉਂਦਾ ਹੈ, ਜਿੱਥੇ ਕੋਈ ਆਪਣੀ ਸਮਰੱਥਾ ਤੋਂ ਅਣਜਾਣ ਹੁੰਦਾ ਹੈ।

ਤਨਿ ਸੁਗੰਧ ਢੂਢੈ ਪ੍ਰਦੇਸੁ ॥

ਆਪਣੇ ਦੇਹੀ ਅੰਦਰ ਵਸਦੀ ਮਹਿਕ ਦੇ ਬਾਵਜੂਦ, ਇਹ ਦੂਰ-ਦੁਰਾਡੇ ਦੇਸ਼ਾਂ ਵਿਚ ਮਹਿਕ  ਦੀ ਭਾਲ ਕਰਦਾ ਹੈ। ਇਹ ਭਾਵ ਆਪਣੇ ਮੂਲ ਤੋਂ ਵਿਛੋੜੇ ਕਾਰਣ ਹੋਣ ਵਾਲੀ ਬੇਚੈਨੀ ਦਾ ਪ੍ਰਤੀਕ ਹੈ, ਜੋ ਅੰਦਰ ਹੈ ਉਸ ਦੀ ਭਾਲ ਬਾਹਰ ਕੀਤੀ ਜਾਂਦੀ ਹੈ।

ਅਪ ਤਨ ਕਾ ਜੋ ਕਰੇ ਬੀਚਾਰੁ ॥

ਉਹ ਜੋ ਆਪਣੇ ਅਸਲ ਸਵੈ ਦੀ ਪੜਚੋਲ ਕਰਨ ਲਈ ਆਪਣਾ ਧਿਆਨ ਅੰਦਰ ਵੱਲ ਮੋੜਦੇ ਹਨ। ਇਹ ਭਾਵ ਸਵੈ-ਚਿੰਤਨ ਦੀ ਮਹੱਤਤਾ 'ਤੇ ਜ਼ੋਰ ਦਿੰਦਾ ਹੈ।

ਤਿਸੁ ਨਹੀ ਜਮਕੰਕਰੁ ਕਰੇ ਖੁਆਰੁ ॥੨॥

ਅਜਿਹਿਆਂ ਨੂੰ, ਮੌਤ ਦਾ ਡਰ ਤਸੀਹੇ ਨਹੀਂ ਦਿੰਦਾ। ਇਹ ਭਾਵ ਸੁਝਾਅ ਦਿੰਦਾ ਹੈ ਕਿ ਆਤਮ-ਪੜਚੋਲ ਅਨਿਸ਼ਚਿਤਤਾ ਦੀਆਂ ਭਾਵਨਾਵਾਂ ਨੂੰ ਦੂਰ ਕਰਨ ਲਈ ਇਕ ਪ੍ਰਭਾਵਸ਼ਾਲੀ ਸਾਧਨ ਹੈ। (੨)

ਪੁਤ੍ਰ ਕਲਤ੍ਰ ਕਾ ਕਰਹਿ ਅਹੰਕਾਰੁ ॥

ਕੋਈ ਪਰਿਵਾਰਕ ਬੰਸਾਵਲੀ ਅਤੇ ਰਿਸ਼ਤਿਆਂ 'ਤੇ ਮਾਣ ਕਰਦਾ ਹੈ। ਧਨ-ਸੰਪਦਾ ਨਾਲ ਜੁੜਨ ਦੀ ਇਹ ਪ੍ਰਵਿਰਤੀ ਤਾਕਤ ਅਤੇ ਦੇਖਭਾਲ ਨੂੰ ਸਵੈ-ਮਹੱਤਤਾ ਦੀ ਮਨੋਬਿਰਤੀ ਵਿਚ ਬਦਲ ਸਕਦੀ ਹੈ।

ਠਾਕੁਰੁ ਲੇਖਾ ਮਗਨਹਾਰੁ ॥

ਸਰਵ ਵਿਆਪਕ ਚੇਤਨਾ ਸਾਡੇ ਕਰਮਾਂ ਲਈ ਜਵਾਬਦੇਹੀ ਦੀ ਮੰਗ ਕਰਦੀ ਹੈ। ਇਹ ਭਾਵ ਇਸ ਸਿਧਾਂਤ ਵੱਲ ਇਸ਼ਾਰਾ ਕਰਦਾ ਹੈ ਕਿ ਸਾਡੀਆਂ ਚੋਣਾਂ ਪ੍ਰਭਾਵ ਪੂਰਨ ਹੁੰਦੀਆਂ ਹਨ।

ਫੇੜੇ ਕਾ ਦੁਖੁ ਸਹੈ ਜੀਉ ॥

ਅੰਤਹਕਰਣ ਆਪਣੇ ਗਲਤ ਫੈਸਲਿਆਂ ਕਾਰਨ ਹੋਣ ਵਾਲੀ ਪੀੜਾ ਨੂੰ ਸਹਿਣ ਕਰਦਾ ਹੈ। ਇਹ ਭਾਵ ਇਸ ਤੱਥ ਨੂੰ ਉਜਾਗਰ ਕਰਦਾ ਹੈ ਕਿ ਦੁੱਖ ਦਾ ਅਸਲ ਸਰੋਤ ਸਾਡੇ ਕਰਮਾਂ ਵਿਚ ਹੈ, ਬਾਹਰੀ ਬਦਲੇ ਦੀ ਭਾਵਨਾ ਵਿਚ ਨਹੀਂ।

ਪਾਛੇ ਕਿਸਹਿ ਪੁਕਾਰਹਿ ਪੀਉ ਪੀਉ ॥੩॥

ਸਵੈ-ਚਿੰਤਨ ਤੋਂ ਬਾਅਦ, ਤੁਸੀਂ ਕਿਸ ਨੂੰ ਪ੍ਰੀਤਮ ਅਤੇ ਪਿਆਰਾ ਕਹਿ ਕੇ ਸੰਬੋਧਨ ਕਰੋਗੇ? ਇਹ ਭਾਵ ਸਪੱਸ਼ਟ ਕਰਦਾ ਹੈ ਕਿ ਆਤਮ-ਪੜਚੋਲ ਯੋਗ ਅਤੇ ਅਯੋਗ ਕਰਮਾਂ ਵਿਚਕਾਰਲੇ ਅੰਤਰ ਨੂੰ ਪ੍ਰਕਾਸ਼ਮਾਨ ਕਰ ਸਕਦੀ ਹੈ। (੩)

ਸਾਧੂ ਕੀ ਜਉ ਲੇਹਿ ਓਟ ॥

ਸਰਵ ਵਿਆਪਕ ਗੁਣਾਂ ਨਾਲ ਇਕਸੁਰਤਾ ਦਾ ਗੁਣ, ਜਦੋਂ ਸਹਾਰਾ ਬਣ ਜਾਵੇ। ਇਹ ਭਾਵ ਬਿਬੇਕ ਨੂੰ ਅਪਣਾ ਕੇ ਆਪਣੇ ਸੱਚੇ ਆਪੇ ਦੀ ਰੱਖਿਆ ਕਰਨ ਦੀ ਵਿਧੀ ਪ੍ਰਦਾਨ ਕਰਦਾ ਹੈ।

ਤੇਰੇ ਮਿਟਹਿ ਪਾਪ ਸਭ ਕੋਟਿ ਕੋਟਿ ॥

ਕਈ ਗਲਤ ਕਰਮ ਕਰਨ ਵਾਲੀ ਮਨੋਬਿਰਤੀ ਭੰਗ ਹੋ ਜਾਂਦੀ ਹੈ। ਇਹ ਭਾਵ ਆਪਣੇ ਆਪ ਨੂੰ ਸੀਮਤ ਕਰਨ ਵਾਲੀ ਨਕਾਰਾਤਮਕ ਰੰਗਤ ਨੂੰ ਖਤਮ ਕਰਨ ਲਈ ਬਿਬੇਕ ਦੀ ਸਮਰਥਾ ਨੂੰ ਉਜਾਗਰ ਕਰਦਾ ਹੈ।

ਕਹਿ ਰਵਿਦਾਸ ਜੁੋ ਜਪੈ ਨਾਮੁ ॥

ਰਵਿਦਾਸ ਕਹਿੰਦੇ ਹਨ ਕਿ ਜੋ ਲੋਕ ਹਕੀਕਤ ਦੇ ਤੱਤਸਾਰ 'ਤੇ ਨਿਰੰਤਰ ਚਿੰਤਨ ਕਰਦੇ ਹਨ। ਇਹ ਭਾਵ ਧਿਆਨ ਦੇ ਅਭਿਆਸ ਨੂੰ ਇਕ ਕੀਮਤੀ ਗੁਣ ਵਜੋਂ ਦਰਸਾਉਂਦਾ ਹੈ।

ਤਿਸੁ ਜਾਤਿ ਨ ਜਨਮੁ ਨ ਜੋਨਿ ਕਾਮੁ ॥੪॥੧॥

ਅਜਿਹੀ ਹਸਤੀ ਜਾਤ, ਵੰਸ਼, ਜਨਮ ਅਤੇ ਮੌਤ ਦੇ ਚੱਕਰਾਂ ਦੇ ਸੰਕਲਪਾਂ ਨਾਲ ਨਹੀਂ ਜੁੜਦੀ। ਜਿਸ ਕਾਰਣ ਏਕਤਾ ਨੂੰ ਸੀਮਤ ਕਰਨ ਵਾਲੀਆਂ ਸਮਾਜਿਕ, ਧਾਰਮਿਕ ਅਤੇ ਜੈਵਿਕ ਪਰਿਭਾਸ਼ਾਵਾਂ ਤੋਂ ਪੂਰੀ ਤਰ੍ਹਾਂ ਮੁਕਤੀ ਮਿਲਦੀ ਹੈ। (੪)(੧)

ਤੱਤ: ਭਗਤ ਰਵਿਦਾਸ ਦਰਸਾਉਂਦੇ ਹਨ ਕਿ ਮਾਣ, ਰੁਤਬਾ ਅਤੇ ਦਿੱਖ ਦੀ ਚੜ੍ਹਤ ਤੇਜ਼ੀ ਨਾਲ ਹੋ ਸਕਦੀ ਹੈ ਪਰ ਓਨੀ ਹੀ ਤੇਜ਼ੀ ਨਾਲ ਇਹ ਅਲੋਪ ਵੀ ਹੋ ਸਕਦੇ ਹਨ, ਖੁੰਭਾਂ ਦੀ ਤਰ੍ਹਾਂ ਜੋ ਸਿਰਫ਼ ਬਰਸਾਤੀ ਮੌਸਮ ਤੱਕ ਹੀ ਰਹਿੰਦੀਆਂ ਹਨ। ਬਾਹਰੀ ਪੂਰਤੀ ਦੀ ਦੌੜ, ਉਸ ਹਿਰਨ ਵਾਂਗ ਹੈ ਜੋ ਆਪਣੇ ਅੰਦਰ ਵਸਦੀ ਕਸਤੂਰੀ ਦੀ ਮਹਿਕ ਦਾ ਪਿੱਛਾ ਕਰਦਾ ਹੈ, ਜੋ ਉਸ ਕੋਲ ਤਾਂ ਹੈ ਪਰ ਉਹ ਕਦੇ ਉਸਦੀ ਭਾਲ ਨਹੀਂ ਕਰ ਸਕਦਾ। ਬਰਸਾਤੀ ਖੁੰਭਾਂ ਅਤੇ ਕਸਤੂਰੀ ਹਿਰਨ ਸਾਨੂੰ ਯਾਦ ਦਿਵਾਉਂਦੇ ਹਨ ਕਿ ਜੋ ਅਜਿੱਤ ਜਾਪਦਾ ਹੈ ਉਹ ਛਿੰਨ-ਭੰਗਰ ਹੁੰਦਾ ਹੈ, ਅਤੇ ਜੋ ਅਸੀਂ ਭਾਲਦੇ ਹਾਂ ਉਹ ਸਾਡੇ ਸੋਚ ਨਾਲੋਂ ਵੀ ਨੇੜੇ ਹੋ ਸਕਦਾ ਹੈ। ਬਾਹਰੀ ਪ੍ਰਮਾਣਿਕਤਾ ਦਾ ਪਿੱਛਾ ਕਰਨਾ ਸਿਰਫ ਸਾਡੀ ਊਰਜਾ ਨੂੰ ਖਤਮ ਕਰਦਾ ਹੈ; ਸਾਡੀ ਯੋਗਤਾ ਸਾਡੇ ਧਿਆਨ ਨੂੰ ਅੰਦਰ ਵੱਲ ਰੁਪਾਂਤ੍ਰਣ ਕਰ, ਪਛਾਣ ਦੀ ਲੋੜ ਤੋਂ ਬਿਨਾਂ ਸ਼ਾਂਤੀ ਦੀ ਭਾਲ ਵਿਚ ਨਹਿਤ ਹੈ।

---

ਸਬਦ ਵਿਆਖਿਆ ਵਿਨਇੰਦਰ ਕੌਰ ਅਤੇ ਅਮਰਦੀਪ ਸਿੰਘ

**Oneness In Diversity Research Foundation**

ਵੈੱਬਸਾਈਟ: **OnenessInDiversity.com**

ਈਮੇਲ: **onenessindiversityfoundation@gmail.com**